ਚੈੱਕ ਇਨ
ਹਰ ਥਾਂ
ਹਰ ਵੇਲੇ

# ਤੁਹਾਡੀ COVIDSAFE ਯੋਜਨਾ

## 1. ਕੀ ਤੁਹਾਡੇ ਕੋਲ COVIDSafe ਯੋਜਨਾ ਹੈ?

ਔਨ-ਸਾਈਟ ਕੰਮਾਂ-ਕਾਰਾਂ ਵਾਲੇ ਹਰੇਕ ਕਾਰੋਬਾਰ ਲਈ ਲਾਜ਼ਮੀ ਤੌਰ 'ਤੇ COVIDSafe ਯੋਜਨਾ ਹੋਣੀ ਚਾਹੀਦੀ ਹੈ। ਵਰਕਸੇਫ ਅਤੇ ਅਧਿਕਾਰਤ ਅਧਿਕਾਰੀ ਪੂਰੇ ਵਿਕਟੋਰੀਆ ਵਿੱਚ ਅਚਾਨਕ ਜਾਂਚਾਂ (ਸਪੌਟ ਚੈਕਿੰਗ) ਕਰ ਰਹੇ ਹਨ।

## 2. ਕੀ ਤੁਸੀਂ ਆਪਣੇ ਖੇਤਰ ਲਈ COVIDSafe ਸਥਿੱਤੀਆਂ ਬਾਰੇ ਜਾਣਦੇ ਹੋ?

ਹਰੇਕ ਖੇਤਰ ਬਾਰੇ ਮਾਰਗ-ਦਰਸ਼ਨ **coronavirus.vic.gov.au/guidance-sectors** 'ਤੇ ਉਪਲੱਬਧ ਹੈ। ਹਰੇਕ ਖੇਤਰ ਦੇ ਮਾਰਗ-ਦਰਸ਼ਨ ਸਫ਼ੇ ਵਿੱਚ ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਦੀ ਸਲਾਹ ਅਤੇ ਜਵਾਬ ਸ਼ਾਮਲ ਹੁੰਦੇ ਹਨ।

## 3. ਤੁਸੀਂ ਆਪਣੇ ਕਾਰੋਬਾਰ ਨੂੰ COVIDSafe ਬਣਾਉਣ ਲਈ ਕੀ ਕੀਤਾ ਹੈ?

ਇਹਨਾਂ ਕਾਰਵਾਈਆਂ ਵਿੱਚ ਕਰਮਚਾਰੀਆਂ ਨੂੰ ਨਿਜੀ ਸੁਰੱਖਿਆ ਉਪਕਰਣ ਪ੍ਰਦਾਨ ਕਰਨਾ ਸ਼ਾਮਲ ਹੋ ਸਕਦਾ ਹੈ ਜਿਵੇਂ ਕਿ ਚਿਹਰੇ ਵਾਲੇ ਮਾਸਕ, ਤੁਹਾਡੇ ਕਾਰੋਬਾਰ ਦੇ ਖੇਤਰ ਵਿੱਚ ਦਾਖਲ ਹੋਣ ਵਾਲੇ ਹਰੇਕ ਵਿਅਕਤੀ ਨੂੰ ਚੈੱਕ-ਇਨ ਕਰਨ ਲਈ ਉਤਸ਼ਾਹਿਤ ਕਰਨਾ, ਸੈਨੀਟਾਈਜ਼ਰ ਉਪਲਬਧ ਕਰਵਾਉਣਾ ਅਤੇ ਅਕਸਰ ਛੂਹੀਆਂ ਜਾਂਦੀ ਸਤਹਾਂ ਨੂੰ ਕੀਟਾਣੂ ਮੁਕਤ ਕਰਨਾ।

## 4. ਤੁਹਾਡੀ COVIDSafe ਯੋਜਨਾ ਦਾ ਨਵੀਨੀਕਰਨ (ਨੂੰ ਅਪਡੇਟ) ਕਰਨ ਲਈ ਕੌਣ ਜ਼ਿੰਮੇਵਾਰ ਹੈ?

ਤੁਹਾਡੀ COVIDSafe ਯੋਜਨਾ ਦੀ ਅਕਸਰ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ ਅਤੇ ਨਵਿਆਇਆ (ਅੱਪਡੇਟ ਕੀਤਾ) ਜਾਣਾ ਚਾਹੀਦਾ ਹੈ ਤਾਂ ਜੋ ਤੁਹਾਨੂੰ ਕਿਸੇ ਵੀ ਨਵੀਆਂ ਪਾਬੰਦੀਆਂ ਦੀ ਪਾਲਣਾ ਕਰਨ ਅਤੇ ਆਪਣੇ ਕਰਮਚਾਰੀਆਂ, ਠੇਕੇਦਾਰਾਂ ਅਤੇ ਗਾਹਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਮਦਦ ਕੀਤੀ ਜਾ ਸਕੇ।

## 5. ਕੀ ਤੁਹਾਡੇ ਕਰਮਚਾਰੀ ਤੁਹਾਡੀ COVIDSafe ਯੋਜਨਾ ਬਾਰੇ ਜਾਣਦੇ ਹਨ?

ਤੁਹਾਡੇ ਕਰਮਚਾਰੀਆਂ, ਵਾਸਤੇ ਤੁਹਾਡੀ COVIDSafe ਯੋਜਨਾ ਅਤੇ ਤੁਹਾਡੇ ਵੱਲੋਂ ਕੀਤੀਆਂ ਕਾਰਵਾਈਆਂ ਬਾਰੇ ਜਾਣਨਾ ਮਹੱਤਵਪੂਰਨ ਹੈ। ਇਹ ਉਨ੍ਹਾਂ ਨੂੰ ਸੁਰੱਖਿਅਤ ਰਹਿਣ ਦੇ ਤੁਹਾਡੇ ਕਾਰੋਬਾਰ ਦੀ ਮਹੱਤਤਾ ਅਤੇ ਜੇ ਉਹ ਬਿਮਾਰ ਹਨ ਤਾਂ ਘਰ ਰਹਿਣ ਦੀ ਮਹੱਤਤਾ ਨੂੰ ਸਮਝਣ ਵਿੱਚ ਸਹਾਇਤਾ ਕਰੇਗਾ। COVID-19 ਦੇ ਲੱਛਣਾਂ ਵਿੱਚ ਬੁਖਾਰ, ਠੰਢ, ਖੰਘ, ਗਲੇ ਵਿੱਚ ਖਰਾਸ਼, ਸਾਹ ਚੜ੍ਹਨਾ, ਵਗਦਾ ਨੱਕ ਜਾਂ ਗੰਧ ਦੀ ਕਮੀ ਸ਼ਾਮਲ ਹਨ।

## 6. ਕੀ ਤੁਹਾਡੇ ਕੋਲ ਆਪਣਾ QR ਕੋਡ ਹੈ?

ਸਾਰੇ ਕਾਰੋਬਾਰਾਂ ਨੂੰ ਲਾਜ਼ਮੀ ਤੌਰ 'ਤੇ ਵਿਕਟੋਰੀਅਨ ਗਵਰਨਮੈਂਟ QR ਕੋਡ ਸਰਵਿਸ (ਕੁਝ ਸੀਮਤ ਛੋਟਾਂ ਦੇ ਨਾਲ) ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਗਾਹਕ ਅਤੇ ਕਰਮਚਾਰੀ ਹਰ ਥਾਂ, ਹਰ ਵਾਰ ਚੈਕ ਇਨ ਕਰਦੇ ਹਨ - ਚਾਹੇ ਉਹ ਕਿੰਨੇ ਸਮੇਂ ਤੱਕ ਇਮਾਰਤ ਵਿੱਚ ਹੋਣ। ਇਹ ਮੁਫ਼ਤ ਹੈ, ਵਰਤਣ ਵਿਚ ਅਸਾਨ ਹੈ ਅਤੇ COVID-19 ਦੇ ਫੈਲਣ ਨੂੰ ਰੋਕਣ ਵਿਚ ਸਹਾਇਤਾ ਕਰਦੀ ਹੈ।
ਰਜਿਸਟਰ ਕਰਨ ਲਈ coronavirus.vic.gov.au/QRcode ਤੇ ਜਾਉ।

## 7. ਕੀ ਤੁਸੀਂ ਗਾਹਕਾਂ ਨੂੰ ਸਹੀ ਕੰਮ ਕਰਨ ਵਿਚ ਸਹਾਇਤਾ ਲਈ ਵਧੇਰੇ ਚਿੰਨ੍ਹ ਅਤੇ ਪੋਸਟਰ ਚਾਹੁੰਦੇ ਹੋ?

ਤੁਹਾਡੇ ਕਾਰੋਬਾਰ ਲਈ ਚਿੰਨ੍ਹ, ਪੋਸਟਰ ਅਤੇ ਸਟਿੱਕਰ **coronavirus.vic.gov.au/signs-posters-and-templates** 'ਤੇ ਉਪਲਬਧ ਹਨ।

## 8. ਕੀ ਤੁਹਾਨੂੰ ਕਿਸੇ ਹੋਰ ਭਾਸ਼ਾ ਵਿੱਚ ਜਾਣਕਾਰੀ ਦੀ ਲੋੜ ਹੈ?

COVIDSafe ਯੋਜਨਾਬੰਦੀ ਸੰਬੰਧੀ ਕਾਰੋਬਾਰਾਂ ਲਈ ਜਾਣਕਾਰੀ ਬਿਜ਼ਨਸ ਵਿਕਟੋਰੀਆ ਹੌਟਲਾਈਨ 13 22 15 ਦੁਆਰਾ ਅਤੇ coronavirus.vic.gov.au/translated-information-about-coronavirus-covid-19 ਉੱਤੇ ਕਈ ਭਾਸ਼ਾਵਾਂ ਵਿੱਚ ਉਪਲਬਧ ਹੈ।

**ਆਪਣਾ COVID-19 ਟੀਕਾਕਰਨ**
**www.coronavirus.vic.gov.au/vaccine 'ਤੇ ਬੁੱਕ ਕਰੋ।**

VICTORIA
State Government

## ਇਸ ਤਰ੍ਹਾਂ ਤੁਸੀਂ ਆਪਣੇ ਕਰਮਚਾਰੀਆਂ ਅਤੇ ਗਾਹਕਾਂ ਨੂੰ ਸੁਰੱਖਿਅਤ ਰੱਖੋਗੇ।

| | | | |
|---|---|---|---|
| **ਕਾਰੋਬਾਰੀ ਨਾਮ:** | | | |
| **ਪਤਾ:** | | | |
| **ਯੋਜਨਾ ਇਸ ਦੁਆਰਾ ਪੂਰੀ ਕੀਤੀ ਗਈ:** | | **ਕੰਮ ਦਾ ਸਿਰਲੇਖ:** | |
| **ਸਮੀਖਿਆ ਕਰਨ ਦੀ ਮਿਤੀ:** | | **ਅਗਲੀ ਸਮੀਖਿਆ ਦੀ ਮਿਤੀ:** | |

## ਸਰੀਰਕ ਦੂਰੀ ਦੀ ਪਾਲਣਾ ਕਰੋ

| ਜਰੂਰਤਾਂ ਅਤੇ ਸਿਫਾਰਸ਼ਾਂ | ਕਾਰਵਾਈ |
|---|---|
| ਤੁਹਾਨੂੰ ਸਬੰਧਿਤ ਘਣਤਾ ਵੰਡ ਨੂੰ ਲਾਜ਼ਮੀ ਤੌਰ 'ਤੇ ਲਾਗੂ ਕਰਨਾ ਚਾਹੀਦਾ ਹੈ। ਆਪਣੇ ਖੇਤਰ ਦੇ ਦਿਸ਼ਾ-ਨਿਰਦੇਸ਼ਾਂ ਦੀ ਇਹ ਵੇਖਣ ਲਈ ਜਾਂਚ ਕਰੋ ਕਿ ਹਰ ਖੇਤਰ ਵਿੱਚ ਕਿੰਨੇ ਲੋਕ ਸੁਰੱਖਿਅਤ ਢੰਗ ਨਾਲ ਹੋ ਸਕਦੇ ਹਨ। ਉਦਾਹਰਣ ਦੇ ਲਈ, ਜੇ ਤੁਹਾਡੀ 30m² ਦੁਕਾਨ ਹੈ, ਤਾਂ ਦੋ ਵਰਗ ਮੀਟਰ ਦੇ ਨਿਯਮ ਅਧੀਨ 15 ਲੋਕ ਉਥੇ ਹੋ ਸਕਦੇ ਹਨ। | ਤੁਹਾਡੇ ਸੈਕਟਰ ਲਈ ਘਣਤਾ ਦੀ ਵੰਡ ਕਿੰਨੀ ਹੈ?<br><br>ਘਣਤਾ ਦੀ ਵੰਡ ਦੀ ਪਾਲਣਾ ਕਰਨ ਲਈ ਤੁਸੀਂ ਕੀ ਕਰ ਰਹੇ ਹੋ?<br><br>ਕੀ ਤੁਸੀਂ ਅੰਦਰ ਆਉਣ ਵਾਲੇ ਦਰਵਾਜ਼ੇ 'ਤੇ ਕੋਈ ਚਿੰਨ੍ਹ ਲਗਾਇਆ ਹੈ?<br><br>ਇਹ ਸੁਨਿਸ਼ਚਿਤ ਕਰਨ ਲਈ ਜ਼ਿੰਮੇਵਾਰ ਕੌਣ ਹੈ ਕਿ ਤੁਸੀਂ ਆਪਣੀ ਘਣਤਾ ਯੋਗਤਾ ਤੋਂ ਵੱਧ ਨਹੀਂ ਜਾਂਦੇ? |
| ਜਿੱਥੇ ਸੰਭਵ ਹੋਵੇ, ਕਰਮਚਾਰੀਆਂ ਅਤੇ ਗਾਹਕਾਂ ਲਈ 1.5 ਮੀਟਰ ਦੀ ਸਰੀਰਕ ਦੂਰੀ ਬਣਾਈ ਰੱਖਣ ਦਾ ਟੀਚਾ ਰੱਖੋ। | ਕੀ ਤੁਹਾਨੂੰ ਭੀੜ ਨੂੰ ਘਟਾਉਣ ਦੀ ਲੋੜ ਹੈ ਕਿਉਂਕਿ ਲੋਕ ਦਾਖਲ ਹੁੰਦੇ ਹਨ, ਲੰਘਦੇ ਹਨ ਅਤੇ ਕੰਮ ਵਾਲੀ ਥਾਂ ਤੋਂ ਬਾਹਰ ਜਾਂਦੇ ਹਨ?<br><br>ਕੀ ਤੁਸੀਂ ਲੋਕਾਂ ਨੂੰ 1.5 ਮੀਟਰ ਦੀ ਦੂਰੀ ਤੇ ਰਹਿਣ ਲਈ ਉਤਸ਼ਾਹਿਤ ਕਰਨ ਲਈ ਫਰਸ਼ ਉੱਤੇ ਨਿਸ਼ਾਨਾਂ ਜਾਂ ਸਟਿੱਕਰਾਂ ਦੀ ਵਰਤੋਂ ਕਰ ਰਹੇ ਹੋ? |
| ਤੁਹਾਨੂੰ ਕਰਮਚਾਰੀਆਂ ਨੂੰ ਸਰੀਰਕ ਦੂਰੀ ਵਾਸਤੇ ਸਿਖਲਾਈ ਪ੍ਰਦਾਨ ਕਰਨੀ ਚਾਹੀਦੀ ਹੈ। ਇਸ ਵਿੱਚ ਮੌਜੂਦਾ COVIDSafe ਸਥਿੱਤੀਆਂ ਦੀ ਸਮਝ ਸ਼ਾਮਲ ਹੋਣੀ ਚਾਹੀਦੀ ਹੈ।<br><br>ਇਹ **coronavirus.vic.gov.au** 'ਤੇ ਲੱਭਿਆ ਜਾ ਸਕਦਾ ਹੈ। | ਇਹ ਯਕੀਨੀ ਬਣਾਉਣ ਲਈ ਤੁਸੀਂ ਕੀ ਕੀਤਾ ਹੈ ਕਿ ਤੁਹਾਡੇ ਕਰਮਚਾਰੀ ਸਰੀਰਕ ਦੂਰੀ ਬਣਾਈ ਰੱਖਣ ਦੀ ਮਹੱਤਤਾ ਨੂੰ ਸਮਝਦੇ ਹਨ? |

## ਚਿਹਰੇ ਵਾਲਾ ਮਾਸਕ ਪਹਿਨੋ

| ਜਰੂਰਤਾਂ ਅਤੇ ਸਿਫਾਰਸ਼ਾਂ | ਕਾਰਵਾਈ |
|---|---|
| ਤੁਹਾਨੂੰ ਲਾਜ਼ਮੀ ਤੌਰ 'ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਾਰੇ ਕਰਮਚਾਰੀ ਵਰਤਮਾਨ ਚਿਹਰੇ ਵਾਲਾ ਮਾਸਕ ਲੋੜਾਂ ਦੀ ਪਾਲਣਾ ਕਰਦੇ ਹਨ, ਜਿਵੇਂ ਕਿ **coronavirus.vic.gov.au/face-masks** 'ਤੇ ਦੱਸਿਆ ਗਿਆ ਹੈ।<br><br>ਜ਼ਰੂਰਤਾਂ ਸਮੇਂ ਦੇ ਨਾਲ ਬਦਲ ਸਕਦੀਆਂ ਹਨ। | ਕੀ ਤੁਹਾਡੇ ਕਰਮਚਾਰੀ ਤੁਹਾਡੇ ਖੇਤਰ ਲਈ ਚਿਹਰੇ ਵਾਲੇ ਮਾਸਕ ਦੀਆਂ ਲੋੜਾਂ ਨੂੰ ਸਮਝਦੇ ਹਨ?<br><br>ਕੀ ਤੁਸੀਂ ਆਪਣੇ ਕਰਮਚਾਰੀਆਂ ਨੂੰ ਚਿਹਰੇ ਵਾਲੇ ਮਾਸਕ ਪ੍ਰਦਾਨ ਕਰਦੇ ਹੋ? |

| | |
|---|---|
| ਤੁਹਾਨੂੰ ਇਸ ਬਾਰੇ ਸਿਖਲਾਈ, ਹਿਦਾਇਤ ਅਤੇ ਮਾਰਗ-ਦਰਸ਼ਨ ਪ੍ਰਦਾਨ ਕਰਨਾ ਚਾਹੀਦਾ ਹੈ ਕਿ ਨਿਜੀ ਰੱਖਿਆਤਮਕ ਉਪਕਰਣਾਂ (PPE) ਨੂੰ ਸਹੀ ਤਰੀਕੇ ਨਾਲ ਕਿਵੇਂ ਪਹਿਨਣਾ ਹੈ, ਵਰਤਣਾ ਅਤੇ ਉਤਾਰ ਕੇ ਕਿਵੇਂ ਸੁੱਟਣਾ ਹੈ।<br><br>ਤੁਹਾਨੂੰ ਕਰਮਚਾਰੀਆਂ ਨੂੰ ਸੂਚਿਤ ਕਰਨਾ ਚਾਹੀਦਾ ਹੈ ਕਿ ਵਰਤੋਂ ਤੋਂ ਬਾਅਦ ਹਰ ਰੋਜ਼ ਮੁੜ-ਵਰਤੋਂ ਯੋਗ ਚਿਹਰੇ ਵਾਲੇ ਮਾਸਕ ਧੋਤੇ ਜਾਣੇ ਚਾਹੀਦੇ ਹਨ। ਹਾਲਾਂਕਿ, ਜੇ ਦਿਨ ਦੌਰਾਨ ਚਿਹਰੇ ਵਾਲਾ ਮਾਸਕ ਸਪੱਸ਼ਟ ਤੌਰ 'ਤੇ ਗੰਦਾ ਜਾਂ ਗਿੱਲਾ ਹੁੰਦਾ ਹੈ, ਤਾਂ ਇਸ ਨੂੰ ਤੁਰੰਤ ਸਾਫ ਚਿਹਰੇ ਵਾਲੇ ਮਾਸਕ ਨਾਲ ਬਦਲਣ ਦੀ ਜ਼ਰੂਰਤ ਹੁੰਦੀ ਹੈ। | ਇਹ ਸੁਨਿਸ਼ਚਿਤ ਕਰਨ ਲਈ ਕੌਣ ਜ਼ਿੰਮੇਵਾਰ ਹੈ ਕਿ ਤੁਹਾਡੇ ਕਰਮਚਾਰੀ ਇਸ ਬਾਰੇ ਸਮਝਣ ਕਿ PPE ਦੀ ਵਰਤੋਂ ਕਿਵੇਂ ਕਰਨੀ ਹੈ? |

## ਚੰਗੀ ਸਾਫ-ਸਫਾਈ ਦਾ ਅਭਿਆਸ ਕਰੋ

| ਜ਼ਰੂਰਤਾਂ ਅਤੇ ਸਿਫਾਰਸ਼ਾਂ | ਕਾਰਵਾਈ |
|---|---|
| ਤੁਹਾਨੂੰ ਸਾਂਝੀਆਂ ਥਾਵਾਂ ਨੂੰ ਅਕਸਰ ਅਤੇ ਨਿਯਮਿਤ ਤੌਰ 'ਤੇ ਸਾਫ਼ ਕਰਨ ਅਤੇ ਕੀਟਾਣੂ ਮੁਕਤ ਕਰਨ ਲਈ ਸਾਰੇ ਵਾਜਬ ਕਦਮ ਚੁੱਕਣੇ ਚਾਹੀਦੇ ਹਨ, ਜਿਸ ਵਿੱਚ ਅਕਸਰ ਛੂਹੀਆਂ ਜਾਂਦੀਆਂ ਸਤਹਾਂ ਜਿਵੇਂ ਕਿ ਦਰਵਾਜ਼ੇ ਦੀਆਂ ਮੁੱਠਾਂ ਅਤੇ ਟੈਲੀਫ਼ੋਨ ਸ਼ਾਮਲ ਹਨ।<br><br>ਤੁਹਾਨੂੰ ਇਹ ਕਰਨਾ ਚਾਹੀਦਾ ਹੈ ਕਿ:<br>• ਉਚਿਤ ਸਫਾਈ ਉਤਪਾਦਾਂ ਦੇ ਨਾਲ ਅਕਸਰ ਛੂਹੀਆਂ ਜਾਂਦੀਆਂ ਸਤਹਾਂ ਨੂੰ ਸਾਫ਼ ਕਰੋ, ਜਿਸ ਵਿੱਚ ਡਿਟਰਜੈਂਟ ਅਤੇ ਕੀਟਾਣੂਨਾਸ਼ਕ ਵੀ ਸ਼ਾਮਲ ਹਨ।<br>• ਸ਼ਿਫਟਾਂ ਦੇ ਵਿਚਕਾਰ ਸਾਫ਼ ਕਰੋ। | ਕੀ ਤੁਸੀਂ ਦਿਨ ਵਿੱਚ ਦੋ ਵਾਰ ਅਕਸਰ ਛੂਹੀਆਂ ਜਾਂਦੀਆਂ ਸਤਹਾਂ ਨੂੰ ਸਾਫ਼ ਅਤੇ ਕੀਟਾਣੂ ਮੁਕਤ ਕਰਦੇ ਹੋ, ਜਿਸ ਵਿੱਚ ਦਰਵਾਜ਼ੇ ਦੀਆਂ ਮੁੱਠਾਂ, ਕਾਊਂਟਰ ਅਤੇ ਹੱਥ ਪਾਉਣ ਵਾਲੀਆਂ ਰੇਲਾਂ (ਹੈਂਡਰੇਲਾਂ) ਸ਼ਾਮਲ ਹਨ?<br><br>ਸ਼ਿਫਟਾਂ ਦੇ ਵਿਚਕਾਰ ਸਫਾਈ ਲਈ ਕੌਣ ਜ਼ਿੰਮੇਵਾਰ ਹੈ? |
| ਤੁਹਾਨੂੰ ਸਾਂਝੀਆਂ ਥਾਵਾਂ 'ਤੇ ਇੱਕ ਸਫਾਈ ਬਿਓਰਾ (ਲੌਗ) ਪ੍ਰਦਰਸ਼ਿਤ ਕਰਨਾ ਚਾਹੀਦਾ ਹੈ। | ਤੁਹਾਡਾ ਸਫਾਈ ਬਿਓਰਾ (ਲੌਗ) ਕਿੱਥੇ ਹੈ? |
| ਤੁਹਾਨੂੰ ਸਾਰੇ ਕਰਮਚਾਰੀਆਂ ਲਈ ਸਾਬਣ ਅਤੇ ਹੱਥਾਂ ਵਾਲਾ ਸੈਨੀਟਾਈਜ਼ਰ ਉਪਲਬਧ ਕਰਵਾਉਣਾ ਚਾਹੀਦਾ ਹੈ ਅਤੇ ਨਿਯਮਿਤ ਹੱਥ ਧੋਣ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ। | ਕੀ ਤੁਹਾਡੇ ਕੋਲ ਸਾਰੇ ਧੋਣ ਵਾਲੇ ਸਟੇਸ਼ਨਾਂ 'ਤੇ ਸਾਬਣ ਅਤੇ ਪਾਣੀ ਹੈ?<br><br>ਕੀ ਗਾਹਕ, ਸਮਾਨ ਲਿਆਉਣ-ਲਿਜਾਣ ਵਾਲੇ ਲੋਕ, ਠੇਕੇਦਾਰ, ਕਰਮਚਾਰੀ ਸੈਨੀਟਾਈਜ਼ਰ ਤੱਕ ਪਹੁੰਚ ਕਰ ਸਕਦੇ ਹਨ ਜਦੋਂ ਉਹ ਆਉਂਦੇ ਹਨ? |

## ਜੇ ਕਰਮਚਾਰੀ ਬਿਮਾਰ ਹਨ ਰਿਕਾਰਡ ਰੱਖੋ ਅਤੇ ਜਲਦੀ ਕਾਰਵਾਈ ਕਰੋ

| ਜ਼ਰੂਰਤਾਂ ਅਤੇ ਸਿਫਾਰਸ਼ਾਂ | ਕਾਰਵਾਈ |
|---|---|
| ਜੇ ਤੁਹਾਡੇ ਕਰਮਚਾਰੀ ਬਿਮਾਰ ਹਨ, ਤੁਹਾਨੂੰ ਲਾਜ਼ਮੀ ਤੌਰ 'ਤੇ ਕਰਮਚਾਰੀਆਂ ਨੂੰ ਟੈਸਟ ਕਰਵਾਉਣ ਅਤੇ ਘਰ ਰਹਿਣ ਲਈ ਸਹਾਇਤਾ ਕਰਨੀ ਚਾਹੀਦੀ ਹੈ ਭਾਵੇਂ ਉਨ੍ਹਾਂ ਦੇ ਸਿਰਫ ਹਲਕੇ ਲੱਛਣ ਹੋਣ। | ਕੀ ਤੁਸੀਂ COVID-19 ਦੇ ਲੱਛਣਾਂ ਨੂੰ ਜਾਣਦੇ ਹੋ?<br><br>ਜੇ ਕਿਸੇ ਕਰਮਚਾਰੀ ਵਿੱਚ ਲੱਛਣ ਹਨ, ਤਾਂ ਕੀ ਉਹ ਜਾਣਦੇ ਹਨ ਕਿ ਉਨ੍ਹਾਂ ਨੂੰ ਘਰ ਰਹਿਣਾ ਚਾਹੀਦਾ ਹੈ ਅਤੇ ਟੈਸਟ ਕਰਵਾਉਣਾ ਚਾਹੀਦਾ ਹੈ? |
| ਕਿਸੇ ਵੀ ਪ੍ਰਕੋਪ ਦਾ ਪ੍ਰਬੰਧ ਕਰਨ ਲਈ ਤੁਹਾਨੂੰ ਲਾਜ਼ਮੀ ਤੌਰ 'ਤੇ ਇੱਕ ਕਾਰੋਬਾਰੀ ਅਚਨਚੇਤੀ ਯੋਜਨਾ ਵਿਕਸਤ ਕਰਨੀ ਚਾਹੀਦੀ ਹੈ। ਇਸ ਵਿੱਚ ਸ਼ਾਮਲ ਹੈ:<br>• ਕਿਸੇ ਕਰਮਚਾਰੀ ਨੂੰ ਸੂਚਿਤ ਕੀਤੇ ਜਾਣ 'ਤੇ ਜਵਾਬ ਦੇਣ ਦੀ ਯੋਜਨਾ ਉਹ ਕੰਮ 'ਤੇ ਹੋਣ ਦੌਰਾਨ ਇੱਕ ਸਕਾਰਾਤਮਕ ਕੇਸ ਜਾਂ ਨਜ਼ਦੀਕੀ ਸੰਪਰਕ ਹਨ।<br>• ਸਕਾਰਾਤਮਕ ਕੇਸ ਦੀ ਸਥਿਤੀ ਵਿਚ ਕੰਮ ਦੀ ਜਗ੍ਹਾ (ਜਾਂ ਹਿੱਸੇ) ਨੂੰ ਸਾਫ਼ ਕਰਨ ਦੀ ਯੋਜਨਾ।<br>• ਸਿਹਤ ਅਤੇ ਕਾਰਜ-ਸੁਰੱਖਿਆ ਵਿਭਾਗ ਵਿਕਟੋਰੀਆ ਨਾਲ 13 23 60 'ਤੇ ਸੰਪਰਕ ਕਰਨ ਦੀ ਯੋਜਨਾ ਜੇ ਤੁਹਾਡੇ ਕੰਮ ਵਾਲੀ ਥਾਂ 'ਤੇ COVID-19 ਵਾਲਾ ਕੋਈ ਵਿਅਕਤੀ ਹੈ।<br>• ਜੇ ਤੁਹਾਨੂੰ ਸਿਹਤ ਵਿਭਾਗ ਦੁਆਰਾ ਬੰਦ ਕਰਨ ਦੀ ਹਿਦਾਇਤ ਦਿੱਤੀ ਜਾਂਦੀ ਹੈ ਤਾਂ ਉਸ ਲਈ ਇੱਕ ਯੋਜਨਾ।<br>• ਸਿਹਤ ਵਿਭਾਗ ਦੁਆਰਾ ਮਨਜ਼ੂਰ ਕੀਤੇ ਜਾਣ ਤੋਂ ਬਾਅਦ ਆਪਣੇ ਕਾਰਜ-ਸਥਾਨ ਨੂੰ ਦੁਬਾਰਾ ਖੋਲ੍ਹਣ ਦੀ ਯੋਜਨਾ। | ਤੁਸੀਂ ਸਾਈਟ 'ਤੇ ਸਾਰੇ ਕਰਮਚਾਰੀਆਂ ਅਤੇ ਠੇਕੇਦਾਰਾਂ ਨੂੰ ਕਿਵੇਂ ਰਿਕਾਰਡ ਕਰਦੇ ਹੋ?<br><br>ਜੇ ਉਹਨਾਂ ਨੂੰ ਕੁਆਰੰਟੀਨ ਕਰਨ ਅਤੇ ਟੈਸਟ ਕਰਵਾਉਣ ਦੀ ਲੋੜ ਹੈ ਤਾਂ ਤੁਸੀਂ ਆਪਣੇ ਸਾਰੇ ਕਰਮਚਾਰੀਆਂ ਅਤੇ ਸਮਾਨ ਦੀ ਪੂਰਤੀ ਕਰਨ ਵਾਲਿਆਂ (ਸਪਲਾਇਰਾਂ) ਨਾਲ ਤੇਜ਼ੀ ਨਾਲ ਸੰਪਰਕ ਕਿਵੇਂ ਕਰੋਗੇ?<br><br>ਜੇ ਤੁਹਾਡੇ ਕੋਲ ਕੰਮ ਵਾਲੀ ਥਾਂ 'ਤੇ ਕੋਈ ਸਕਾਰਾਤਮਕ ਕੇਸ ਹੈ ਤਾਂ ਸਿਹਤ ਅਤੇ ਕਾਰਜ-ਸੁਰੱਖਿਆ ਵਿਭਾਗ ਨੂੰ ਕੌਣ ਦੱਸੇਗਾ? |

| | |
|---|---|
| **ਸਾਰੇ ਕਾਰੋਬਾਰਾਂ ਨੂੰ ਸਰਵਿਸ ਵਿਕਟੋਰੀਆ ਐਪ ਦੁਆਰਾ ਵਿਕਟੋਰੀਅਨ ਗਵਰਨਮੈਂਟ QR ਕੋਡ ਸਰਵਿਸ (ਕੁਝ ਸੀਮਤ ਛੋਟਾਂ ਦੇ ਨਾਲ) ਦੀ ਵਰਤੋਂ ਕਰਨ ਦੀ ਲੋੜ ਹੁੰਦੀ ਹੈ।**<br>**ਜੇ ਕੋਈ ਗਾਹਕ ਆਪਣੇ ਆਪ ਚੈੱਕ-ਇਨ ਨਹੀਂ ਕਰ ਸਕਦਾ, ਤਾਂ ਸਰਵਿਸ ਵਿਕਟੋਰੀਆ ਕਿਓਸਕ ਚੈੱਕ-ਇਨ ਸੇਵਾ ਸਥਾਨਾਂ ਅਤੇ ਕਾਰੋਬਾਰਾਂ ਨੂੰ ਗਾਹਕਾਂ ਦਾ ਚੈਕ – ਇਨ ਕਰਨ ਲਈ ਆਪਣੇ ਸਮਾਰਟ ਫੋਨ, ਟੈਬਲੇਟ ਜਾਂ ਕੰਪਿਊਟਰ ਦੀ ਵਰਤੋਂ ਕਰਨ ਦੀ ਆਗਿਆ ਦਿੰਦੀ ਹੈ। ਇਹ ਵਿਕਟੋਰੀਆ ਵਾਸੀਆਂ ਲਈ ਸੁਵਿਧਾ ਜਨਕ ਹੈ ਅਤੇ ਸੰਪਰਕ ਲੱਭਣ ਵਾਲਿਆਂ ਨੂੰ ਸਭ ਤੋਂ ਵਧੀਆ ਡੇਟਾ ਤੱਕ ਤੇਜ਼ੀ ਨਾਲ ਪਹੁੰਚ ਦਿੰਦਾ ਹੈ।**<br>**ਇਹ ਮੁਫ਼ਤ, ਤੇਜ਼ ਅਤੇ ਵਰਤਣ ਵਿੱਚ ਆਸਾਨ ਹੈ।** | **ਵਿਕਟੋਰੀਅਨ ਸਰਕਾਰੀ QR ਕੋਡ ਸੇਵਾ ਲਈ coronavirus.vic.gov.au/register-to-use-vic-gov-qr-code-service 'ਤੇ ਰਜਿਸਟਰ ਕਰੋ।**<br>**ਜੇ ਇੱਥੇ ਕੋਈ ਪ੍ਰਕੋਪ ਫੈਲਦਾ ਹੈ, ਤਾਂ ਇਹ ਵਾਇਰਸ ਦੇ ਫੈਲਣ ਨੂੰ ਰੋਕਣ ਲਈ ਤੇਜ਼ ਅਤੇ ਪ੍ਰਭਾਵਸ਼ਾਲੀ ਸੰਪਰਕ ਲੱਭਣ ਨੂੰ ਸਮਰੱਥ ਕਰੇਗਾ।**<br>**ਇਹ ਸੁਨਿਸ਼ਚਿਤ ਕਰੋ ਕਿ ਕਰਮਚਾਰੀ, ਠੇਕੇਦਾਰ, ਗਾਹਕ ਅਤੇ ਗਾਹਕ ਚੈੱਕ ਇਨ ਕਰਦੇ ਹਨ।** |

## ਬੰਦ ਥਾਵਾਂ 'ਤੇ ਗੱਲਬਾਤ ਕਰਨ ਤੋਂ ਪਰਹੇਜ਼ ਕਰੋ

| ਜ਼ਰੂਰਤਾਂ ਅਤੇ ਸਿਫਾਰਸ਼ਾਂ | ਕਾਰਵਾਈ |
|---|---|
| ਤੁਹਾਨੂੰ ਕਰਮਚਾਰੀਆਂ ਨੂੰ ਬੰਦ ਥਾਂਵਾਂ 'ਤੇ ਬਿਤਾਉਣ ਵਾਲੇ ਸਮੇਂ ਦੀ ਮਾਤਰਾ ਨੂੰ ਘਟਾਉਣਾ ਚਾਹੀਦਾ ਹੈ। ਇਸ ਵਿੱਚ ਸ਼ਾਮਲ ਹੋ ਸਕਦਾ ਹੈ:<br>• ਬਾਹਰੀ ਵਾਤਾਵਰਣ ਵਿੱਚ ਕੰਮ ਕਰਨ ਦੇ ਯੋਗ ਬਣਾਉਣਾ।<br>• ਵੱਧ ਤੋਂ ਵੱਧ ਸਰਗਰਮੀ ਨੂੰ ਬਾਹਰ ਲਿਜਾਣਾ, ਜਿਸ ਵਿੱਚ ਸੇਵਾ ਕਰਨ ਵਾਲੇ ਗਾਹਕ, ਮੀਟਿੰਗਾਂ, ਚਾਹ ਦੇ ਕਮਰੇ, ਲੰਚਬ੍ਰੇਕ ਅਤੇ ਲਾਕਰ ਰੂਮ ਸ਼ਾਮਲ ਹਨ।<br>• ਖਿੜਕੀਆਂ ਅਤੇ ਦਰਵਾਜ਼ੇ ਖੋਲ੍ਹ ਕੇ ਹਵਾ ਦੇ ਪ੍ਰਵਾਹ ਨੂੰ ਵਧਾਉਣਾ।<br>• ਏਅਰ ਕੰਡੀਸ਼ਨਿੰਗ ਪ੍ਰਣਾਲੀਆਂ ਵਿੱਚ ਤਾਜ਼ੀ ਹਵਾ ਦੇ ਪ੍ਰਵਾਹ ਨੂੰ ਅਨੁਕੂਲ ਕਰਨਾ। | ਕੀ ਤੁਸੀਂ ਦਰਵਾਜ਼ੇ ਜਾਂ ਖਿੜਕੀਆਂ ਖੋਲ੍ਹ ਸਕਦੇ ਹੋ, ਜਾਂ ਸਰਗਰਮੀ ਨੂੰ ਬਾਹਰ ਤਬਦੀਲ ਕਰ ਸਕਦੇ ਹੋ? |

## ਕਾਰਜਬਲ ਬੁਲਬੁਲੇ (ਵਰਕਫੋਰਸ ਬਬਲ) ਬਣਾਓ

| ਜ਼ਰੂਰਤਾਂ ਅਤੇ ਸਿਫਾਰਸ਼ਾਂ | ਕਾਰਵਾਈ |
|---|---|
| ਕਰਮਚਾਰੀਆਂ ਦੇ ਸਮੂਹਾਂ ਨੂੰ ਇਕੋ ਕੰਮ ਵਾਲੀ ਥਾਂ 'ਤੇ ਉਹੀ ਸ਼ਿਫਟਾਂ 'ਤੇ ਰੋਸਟਰ ਰੱਖਣ ਬਾਰੇ ਵਿਚਾਰ ਕਰੋ। ਸ਼ਿਫਟ ਤਬਦੀਲੀਆਂ ਦੌਰਾਨ ਕਰਮਚਾਰੀਆਂ ਦੇ ਇਕੱਠੇ ਹੋਣ ਤੋਂ ਪਰਹੇਜ਼ ਕਰੋ ਜਿੱਥੇ ਅਜਿਹਾ ਕਰਨਾ ਵਿਹਾਰਕ ਹੈ। | ਕੀ ਤੁਸੀਂ ਕਰਮਚਾਰੀਆਂ ਨੂੰ ਸਮੂਹਾਂ ਵਿਚ ਰੱਖਦੇ ਹੋ, ਉਹਨਾਂ ਲੋਕਾਂ ਦੀ ਸੰਖਿਆ ਨੂੰ ਘਟਾਉਂਦੇ ਹੋ ਜਿਨ੍ਹਾਂ ਨਾਲ ਉਹ ਗੱਲਬਾਤ ਕਰਦੇ ਹਨ?<br>ਜੇ ਕੋਈ ਪ੍ਰਕੋਪ ਫੈਲਦਾ ਹੈ, ਤਾਂ ਤੁਸੀਂ ਇਸ ਨੂੰ ਆਪਣੀਆਂ ਸਾਰੀਆਂ ਟੀਮਾਂ ਵਿਚ ਫੈਲਣ ਤੋਂ ਕਿਵੇਂ ਰੋਕ ਸਕਦੇ ਹੋ?<br>ਕੀ ਟੀਮਾਂ ਨੂੰ ਵੱਖ-ਵੱਖ ਦਿਨ ਸੌਂਪੇ ਜਾਂਦੇ ਹਨ? |

ਇਹ ਦਸਤਾਵੇਜ਼ ਛੋਟੇ ਕਾਰੋਬਾਰਾਂ ਨੂੰ COVIDSafe ਯੋਜਨਾ ਬਣਾਉਣ ਵਿੱਚ ਸਹਾਇਤਾ ਕਰਨ ਲਈ ਇੱਕ ਗਾਈਡ ਹੈ।
ਕਿਰਪਾ ਕਰਕੇ ਸੁਨਿਸ਼ਚਿਤ ਕਰੋ ਕਿ ਤੁਸੀਂ ਆਪਣੇ ਉਦਯੋਗ ਲਈ ਨਵੀਨਤਮ ਜ਼ਰੂਰਤਾਂ ਦੀ **CORONAVIRUS.vic.gov.au** 'ਤੇ ਜਾਂਚ ਕੀਤੀ ਹੈ।

ਸਾਡੀ ਪਰਦੇਦਾਰੀ ਨੀਤੀ ਦੇ ਅਨੁਸਾਰ, ਤੁਹਾਡੇ ਵੱਲੋਂ ਪ੍ਰਦਾਨ ਕੀਤੀ ਗਈ ਕੋਈ ਵੀ ਜਾਣਕਾਰੀ ਗੁਪਤ ਹੋਵੇਗੀ ਅਤੇ ਕੇਵਲ ਦਰਸਾਏ ਗਏ ਉਦੇਸ਼ਾਂ ਲਈ ਹੈ।

ਸਾਡੀ ਪਰਦੇਦਾਰੀ ਨੀਤੀ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ **icc@ecodev.vic.gov.au** ਤੇ ਈਮੇਲ ਕਰੋ
ਜਾਂ 13 22 15 'ਤੇ ਬਿਜ਼ਨਸ ਵਿਕਟੋਰੀਆ ਹੌਟਲਾਈਨ ਨੂੰ ਕਾਲ ਕਰੋ।

ਚੈੱਕ ਇਨ ਹਰ ਥਾਂ ਹਰ ਵੇਲੇ

ਤੁਹਾਡੀ COVIDSafe ਯੋਜਨਾ ਵਿੱਚ ਮਦਦ ਲਈ,
**CORONAVIRUS.vic.gov.au** 'ਤੇ ਜਾਓ ਜਾਂ **13 22 15** 'ਤੇ
ਬਿਜ਼ਨਸ ਵਿਕਟੋਰੀਆ ਹੌਟਲਾਈਨ ਨੂੰ ਕਾਲ ਕਰੋ। ਅਨੁਵਾਦਕ ਉਪਲਬਧ ਹਨ।

VICTORIA State Government

DJPR 13413